# Twenty-first century Punjabi Ghazals Thymic Studies Model
# ਇਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਦਾ ਥੀਮਿਕ ਅਧਿਐਨ ਮਾਡਲ

**ਜਗਮੀਤ ਸਿੰਘ** (Jagmeet Singh)
**ਰਿਸਰਚ ਸਕਾਲਰ (ਪੀਐਚ.ਡੀ), ਰਿਜਨਲ ਸੈਂਟਰ ਬਠਿੰਡਾ, ਪੰਜਾਬੀ ਯੂਨੀਵਰਸਿਟੀ ਪਟਿਆਲਾ**
**ਮੋਬਾਈਲ** : 9988746178, E-Mail : jagmeet4991@gmail.com

ABSTRACT

*ਖੋਜ-ਪੱਤਰ/ਪੇਪਰ ਦਾ ਢੁਕਵਾਂ ਸਾਰ - ਇਕੀਵੀਂ ਸਦੀ ਵਾਸਤਵ ਵਿਚ ਸੰਕਟਾਂ ਦੀ ਸਦੀ ਹੈ, ਬਿਨਾਂ ਸ਼ੱਕ ਇਸ ਸਮੇਂ ਮਨੁੱਖ ਨੇ ਅਸਧਾਰਨ ਤਰੱਕੀ ਕੀਤੀ ਹੈ ਮੂਲ ਰੂਪ ਵਿੱਚ ਨੈਤਿਕ ਮੁੱਲਾਂ ਦੇ ਸੰਕਟ, ਕਿਰਸਾਨੀ ਸੰਕਟ, ਭਾਸ਼ਾਵਾਂ ਦੇ ਸੰਕਟ, ਅਸਤਿਤਵੀ ਸੰਕਟ, ਸਵਾਲਟਰਨ ਧਿਰਾਂ ਦੇ ਸੰਕਟ, ਰੁਜ਼ਗਾਰ ਦੀ ਕਮੀ, ਨਿਆਇਕ ਸੰਕਟ, ਅੰਤਰ ਨਸਲੀ ਸੰਕਟ, ਇਸ ਸਦੀ ਦੇ ਸਪਸ਼ਟ ਅਤੇ ਗੌਲਣਯੋਗ ਸੰਕਟ ਹਨ। ਇਹਨਾਂ ਸੰਕਟਾਂ ਨਾਲ਼ ਮਾਨਵੀ ਸੰਵੇਦਨਾ ਦੇ ਫੈਲਣ-ਸੁੰਗੜਨ ਦੀਆਂ ਕਿਰਿਆਵਾਂ/ ਪ੍ਰਤੀਕਿਰਿਆਵਾਂ ਵਜੋਂ ਹੋਂਦ ਵਿੱਚ ਆਇਆ ਸਾਹਿਤ (ਵਿਸ਼ੇਸ਼ਕਰ ਗ਼ਜ਼ਲ ) ਵਾਸਤਵ ਵਿਚ ਹੀ ਸਮੁਚੇ ਸਾਹਿਤ ਦੀ ਪ੍ਰਤੀਨਿਧਤਾ ਕਰਦਾ ਹੈ ਕਿਉਂਕਿ ਗ਼ਜ਼ਲ ਬਾਕੀ ਦੇ ਸਾਰੇ ਹੀ ਸਾਹਿਤ ਰੂਪਾਂ (ਕਾਵਿ ਰੂਪਾਂ ) ਦੇ ਮੁਕਾਬਲੇ ਵਧੇਰੇ ਸੂਖਮ ਅਤੇ ਗੰਭੀਰ ਕਾਵਿ ਰੂਪ ਹੈ ਇਸ ਵਿਚ ਮਾਨਵੀ ਸੰਵੇਦਨਾਵਾਂ ਦੀ ਯਥਾਰਥਿਕ ਅਭਿਵਿਅਕਤੀ ਉਪਰ ਪਾਠਕ ਦਾ ਵਿਸ਼ਵਾਸ ਬਣਿਆ ਹੋਇਆ ਹੈ। ਇਕੀਵੀਂ ਸਦੀ ਵਿੱਚ ਸਮਾਜਕ, ਰਾਜਨੀਤੀਕ ਅਤੇ ਤਕਨੀਕੀ ਖੇਤਰ ਵਿਚ ਮਹੱਤਵਪੂਰਨ ਤਬਦੀਲੀ ਆਈ ਹੈ। ਇਸੇ ਸਮੇਂ ਹੀ ਪੂੰਜੀਵਾਦੀ ਵਿਵਸਥਾ ਦੇ ਆਰੰਭ ਹੇਠ ਬਿਜਲਈ ਮੀਡੀਆ ਅਤੇ ਉਪਕਰਨਾਂ ਕਾਰਨ ਵਿਅਕਤੀ ਨਿੱਜੀ ਤੌਰ ਤੇ ਪ੍ਰਭਾਵਿਤ ਹੋਇਆ ਹੈ, ਇਹੀ ਪ੍ਰਭਾਵ ਅਨੁਭਵ ਵਜੋਂ ਗ਼ਜ਼ਲ ਸਿਰਜਣਾ ਦਾ ਆਧਾਰ ਸ੍ਰੋਤ ਬਣਿਆ, ਇਸੇ ਸਮੇਂ ਹੀ ਕਾਰਪੋਰੇਟਸ ਘਰਾਣਿਆਂ ਦਾ ਸਮੁਚੇ ਸਿਸਟਮ ਉਤੇ ਗ਼ਲਬਾ ਕਾਇਮ ਕਰਨਾ, ਸਰਕਾਰੀ ਅਦਾਰਿਆਂ ਨੂੰ ਵੇਚ ਕੇ ਪ੍ਰਾਈਵੇਟ ਅਦਾਰਿਆਂ ਨੂੰ ਉਤਸ਼ਾਹਿਤ ਕਰਕੇ ਪੰਜਾਬ ਦੇ ਜਨ ਜੀਵਨ ਨੂੰ ਪ੍ਰਭਾਵਿਤ ਕਰਨਾ ਇਸ ਸਦੀ ਦੀ ਗ਼ਜ਼ਲ ਦੀ ਥੀਮਿਕ ਸਮੱਗਰੀ ਬਣੀ ਹੈ।*

**ਕੀਵਰਡ**: ਇਕੀਵੀਂ ਸਦੀ, ਗ਼ਜ਼ਲ ਅਤੇ ਥੀਮਿਕ ਅਧਿਐਨ।

ਸਾਹਿਤ-ਚਿੰਤਨ ਦੇ ਖੇਤਰ ਵਿਚ ਸਾਹਿਤਕ-ਕਿਰਤ ਦੇ ਅਧਿਐਨ-ਵਿਸ਼ਲੇਸ਼ਣ ਹਿਤ ਥੀਮ-ਅਧਿਐਨ ਵਿਧੀ ਦੀ ਮਹੱਤਤਾ ਨੂੰ ਪਿਛਲੇ ਕੁਝ ਸਮੇਂ ਤੋਂ ਵਿਸੇਸ਼ ਗੰਭੀਰਤਾ ਨਾਲ ਅਪਣਾਇਆ ਜਾਣ ਲੱਗਾ ਹੈ। ਇਹ ਵਿਧੀ ਵਾਸਤਵ ਵਿਚ ਰੂਪਵਾਦੀ ਸਾਹਿਤ ਅਧਿਐਨ ਵਿਧੀਆਂ ਦਾ ਹੀ ਅੰਸ਼ ਹੈ। ਜਿਥੇ ਹੋਰਨਾਂ ਸਾਹਿਤ-ਅਧਿਐਨ-ਵਿਧੀਆਂ ਦਾ ਸੰਬੰਧ ਰਚਨਾ ਦੇ ਬਾਹਰਮੁਖੀ ਅਧਿਐਨ ਨਾਲ ਸੀ ਉਥੇ ਇਹ ਵਿਧੀ ਰਚਨਾ ਦੇ ਅੰਤਰ ਮੁਖੀ ਅਧਿਐਨ ਨਾਲ ਜੁੜੀ ਹੈ। ਕਿਸੇ ਵੀ ਰਚਨਾ ਵਿੱਚ ਥੀਮ ਆਦਿ ਤੋਂ ਅੰਤ ਤੱਕ ਸਮਾਹਿਤ ਤੱਤ ਹੈ ਜੋ ਰਚਨਾ ਵਿੱਚ ਕਿਸੇ ਸੂਤਰ ਜਾਂ ਲੜੀ ਵਾਂਗ ਪਸਰਿਆ ਅਤੇ ਫੈਲਿਆ ਹੁੰਦਾ ਹੈ। ਸਾਹਿਤ ਆਲੋਚਨਾ ਦੇ ਖੇਤਰ ਵਿਚ ਥੀਮਿਕ ਅਧਿਐਨ ਦੀਆਂ ਤਿੰਨ ਪਰੰਪਰਾਵਾਂ ਹਨ। 1. ਰੂਸੀ ਥੀਮ ਵਿਗਿਆਨਕ ਵਿਧੀ 2. ਫ਼ਰਾਂਸੀਸੀ ਥੀਮ ਵਿਗਿਆਨਕ ਵਿਧੀ 3. ਅਮਰੀਕੀ ਥੀਮ ਵਿਗਿਆਨਕ ਵਿਧੀ।

ਥੀਮ ਵਿਗਿਆਨ ਵਿਧੀ ਨਾਲ ਸੰਬੰਧਤ ਆਲੋਚਨਾ/ਚਿੰਤਕਾਂ ਦਾ ਮੂਲ ਪਰਯੋਜਨ ਸਾਹਿਤਕ ਕਿਰਤ ਦਾ ਥੀਮਕ ਅਧਿਐਨ ਕਰਨਾ ਅਤੇ ਥੀਮ ਨੂੰ ਪ੍ਰਸਤੁਤ ਕਰਨ ਵਾਲੀਆਂ ਵਿਭਿੰਨ ਜੁਗਤਾਂ ਨੂੰ ਅਗਰਭੂਮਿਤ ਕਰਨਾ ਹੈ । ਇਸ ਆਲੋਚਨਾ ਦੇ ਪ੍ਰਮੁਖ ਪਰਵਕਤਾ ਬੋਰਿਸ ਤੋਮਾਸ਼ੇਵੋਸਕੀ, ਵਿਕਟਰ ਸ਼ਕਲੋਵਸਕੀ ਅਤੇ ਰੋਮਨ ਜੈਕਬਸਨ ਸਨ।[1] ਥੀਮਕ ਅਧਿਐਨ ਦੀ ਇਸ ਪਰੰਪਰਾ ਨੇ ਸਾਹਿਤਕ ਥੀਮਾਂ ਦੀ ਸਮਕਾਲੀ ਅਤੇ ਸਰਬਕਾਲੀ ਥੀਮਾਂ ਵਿੱਚ ਵੰਡ ਕੀਤੀ ਹੈ। ਇਹ ਅਧਿਐਨ ਸਾਹਿਤ ਵਿਚ ਥੀਮਿਕ ਪੇਸ਼ਕਾਰੀ ਲਈ ਸੁਜੇਤ ਅਤੇ ਫੇਬੁਲਾ, ਭਾਸ਼ਾ ਅਤੇ ਕਾਵਿ ਭਾਸ਼ਾ, ਕਾਵਿ ਪ੍ਰੇਰਕ, ਅਜਨਬੀਕਰਨ, ਪਿੱਛਲ ਝਾਤ-ਜੁਗਤ, ਪਿੱਠ-ਭੂਮਨ ਅਤੇ ਅਗਰਭੂਮਨ ਅਤੇ ਮੌਟਿਫ ਵਰਗੀਆਂ ਜੁਗਤਾਂ ਨੂੰ ਪ੍ਰਮੁੱਖਤਾ ਦਿੰਦਾ ਹੈ।

ਥੀਮ ਸਾਹਿਤਕ-ਰਚਨਾ ਨੂੰ ਏਕਤਾ ਪ੍ਰਦਾਨ ਕਰਨ ਵਾਲਾ ਉਹ ਤੱਤ ਹੈ ਜੋ ਰਚਨਾ ਦੇ ਆਰ-ਪਾਰ ਫੈਲਿਆ ਹੁੰਦਾ ਹੈ। ਇਸ ਦੀ ਰਚਨਾ ਅਨੇਕਾਂ ਮੋਟਿਫਾਂ ਦੇ ਜੋੜ-ਮੇਲ ਤੋਂ ਹੁੰਦੀ ਹੈ। ਇਸ ਲਈ "ਥੀਮ ਤੋਂ ਭਾਵ ਉਹੀ ਵਿਸ਼ੇਸ਼ ਅਰਥ ਹਨ ਜੋ ਇਕ ਰਚਨਾ ਵਿਚ ਵਿਸ਼ੇਸ਼ ਇਕਸੁਰਤਾ ਵਿਚ ਬੱਝੇ ਹੋਏ ਮੋਟਿਫਾਂ ਤੋਂ ਪ੍ਰਾਪਤ ਹੁੰਦੇ ਹਨ।"[2] ਸਾਹਿਤਕ-ਕ੍ਰਿਤ ਨੂੰ ਸਦੀਵਤਾ ਦੇਣ ਲਈ ਲੇਖਕ ਦੇ ਸਨਮੁੱਖ ਪਹਿਲੀ ਸਮੱਸਿਆ ਥੀਮ ਚੋਣ ਦੀ ਹੁੰਦੀ ਹੈ। ਕਿਸੇ ਵੀ ਕ੍ਰਿਤ ਵਿਚ ਸਰਬਕਾਲੀਨ ਥੀਮ ਰਚਨਾ ਨੂੰ ਸਦੀਵਤਾ ਦੇਣ ਲਈ ਸਹਾਇਕ ਹੁੰਦੇ ਹਨ ਜਦੋਂ ਕਿ ਸਮਕਾਲੀ ਥੀਮ ਚਿਰੰਜੀਵ ਨਹੀਂ ਹੁੰਦੇ। ਇਸ ਲਈ "ਸਮਕਾਲੀ ਨੂੰ ਟਿਕਾਊ ਬਣਾਉਣ ਲਈ ਸਰਬਕਾਲੀ ਦਾ ਸੰਯੋਗ ਮਿਲਣਾ ਚਾਹੀਦਾ ਹੈ।"[3] ਇਸ ਪ੍ਰਕਾਰ ਥੀਮ ਚੋਣ ਦੀ ਸਮੱਸਿਆ ਨੂੰ ਸੁਲਝਾਉਣ ਹਿੱਤ ਸਰਬਕਾਲੀ ਥੀਮਾਂ (ਪਿਆਰ/ਮੌਤ) ਨੂੰ ਸਮਕਾਲੀ ਥੀਮਾਂ (ਰਾਜਸੀ, ਸਮਾਜਿਕ, ਆਰਥਿਕ) ਨਾਲ ਜੋੜ ਕੇ ਪੇਸ਼ ਕਰਨਾ ਚਾਹੀਦਾ ਹੈ।

ਇਹ ਸਪੱਸ਼ਟ ਹੈ ਕਿ ਥੀਮ ਮੋਟਿਫਾਂ ਦੇ ਜੋੜ-ਮੇਲ ਤੋਂ ਰੂਪ ਧਾਰਨ ਕਰਦਾ ਹੈ। ਮੋਟਿਫ ਰਚਨਾ ਦੀ ਉਹ ਲਘੂਤਮ ਇਕਾਈ ਹੈ ਜਿਸਨੂੰ ਹੋਰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਰਚਨਾ ਦਾ ਸਭ ਤੋਂ ਛੋਟਾ ਤੱਤ ਹੋਣ ਕਾਰਨ ਇਸ ਨੂੰ ਸੰਰਚਨਾ ਤੱਤ ਮੰਨਿਆ ਜਾਂਦਾ ਹੈ। ਰਚਨਾ ਵਿਚ ਇਹ ਤੱਤ ਕਈ ਪ੍ਰਕਾਰ ਦੇ ਹੋ ਸਕਦੇ ਹਨ। ਜਿਨ੍ਹਾਂ ਮੋਟਿਫਾਂ ਨੂੰ ਰਚਨਾ-ਸੰਗਠਨ ਵਿਚੋਂ ਖਾਰਜ ਕਰ ਦੇਣ 'ਤੇ ਰਚਨਾ ਸੰਗਠਨ ਉਪਰ ਕੋਈ ਪ੍ਰਭਾਵ ਨਹੀਂ ਪੈਂਦਾ ਉਹ 'ਖੁੱਲ੍ਹੇ ਮੋਟਿਫ' ਅਤੇ ਜਿਨ੍ਹਾਂ ਨੂੰ ਖ਼ਾਰਜ ਕਰਨ ਤੇ ਰਚਨਾ ਸੰਗਠਨ ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਉਹ'ਬੰਦ ਮੋਟਿਫ' ਹੁੰਦੇ ਹਨ। ਇਸ ਤਰ੍ਹਾਂ ਹੀ ਰਚਨਾ ਦੇ ਕਥਾਨਕ ਨੂੰ ਗਤੀਮਾਨ ਰੱਖਣ ਵਾਲੇ 'ਗਤੀਸ਼ੀਲ ਮੋਟਿਫ' ਅਤੇ ਰਚਨਾ ਨੂੰ ਗਤੀ ਪ੍ਰਦਾਨ ਨਾ ਕਰਨ ਵਾਲੇ 'ਗਤੀਹੀਨ ਮੋਟਿਫ' ਹੁੰਦੇ ਹਨ। ਡਾ. ਹਰਿਭਜਨ ਸਿੰਘ ਨੇ ਇਨ੍ਹਾਂ ਮੋਟਿਫਾਂ ਦੇ ਤਿੰਨ ਤੱਤ (ਸਮੱਗਰੀ, ਜੁਗਤ ਤੇ ਪ੍ਰੇਰਕ)[4] ਸਵੀਕਾਰ ਕੀਤੇ ਹਨ। ਮੋਟਿਫ ਦੀ ਸਥਿਤੀ ਹੀ ਉਸ ਦੀ ਸਮੱਗਰੀ ਹੁੰਦੀ ਹੈ। ਲੇਖਕ ਇਸ ਸਮੱਗਰੀ ਨੂੰ ਮਨੋਲਾਪ, ਪਿੱਛਲਝਾਤ ਜਾਂ ਵਿਸਾਹ ਸਿਰਜਣਾ ਨਾਲ ਪੇਸ਼ ਕਰਦਾ ਹੈ ਜਿਸਨੂੰ ਜੁਗਤ ਅਤੇ ਪ੍ਰੇਰਕ ਮੋਟਿਫਾਂ ਵਿਚ ਕਾਰਜਾਂ ਨੂੰ ਸੇਧ ਦੇਣ ਵਾਲਾ ਤੱਤ ਹੈ। ਇਹ ਪ੍ਰੇਰਕ ਵੀ ਅੱਗੋਂ ਤਿੰਨ ਪ੍ਰਕਾਰ ਦੇ

ਹੁੰਦੇ ਹਨ। ਰਚਨਾ ਵਿਚ ਜਿਹੜੇ ਮੋਟਿਫ ਰਚਨਾਤਮਕ ਲੋੜ ਵਿਚੋਂ ਉਪਜਦੇ ਹਨ ਉਹ 'ਰਚਨਾ ਪ੍ਰੇਰਕ' ਅਖਵਾਉਂਦੇ ਹਨ। ਰਚਨਾ ਵਿਚ ਵਾਸਤਵਿਕਤਾ ਦਾ ਭਰਮ ਪੈਦਾ ਕਰਨ ਵਾਲੇ ਮੋਟਿਫ 'ਵਸਤੂ/ਯਥਾਰਥਪ੍ਰੇਰਕ' ਅਤੇ ਯਥਾਰਥ ਨੂੰ ਕਲਾਤਮਕ ਬਣਾਉਣ ਵਾਲੇ 'ਕਲਾ-ਪ੍ਰੇਰਕ' ਹੁੰਦੇ ਹਨ। ਕਲਾ-ਪ੍ਰੇਰਕ "ਸਾਧਾਰਨ ਨੂੰ ਅਸਾਧਾਰਨ, ਪੁਰਾਣੇ ਨੂੰ ਨਵਾਂ, ਗੈਰ-ਸਾਹਿਤਕ ਨੂੰ ਸਾਹਿਤਕ, ਵਾਸਤਵਿਕ ਨੂੰ ਕਲਾਤਮਕ ਬਣਾਉਣ ਦੀ ਪ੍ਰਕਿਰਿਆ ਹੈ ਇਸੇ ਨੂੰ ਅਜਨਬੀਕਰਨ ਕਿਹਾ ਜਾਂਦਾ ਹੈ।"[5] ਰਚਨਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਹਿਤ ਲੇਖਕ ਪ੍ਰਾਪਤ ਘਟਨਾਵਾਂ ਨੂੰ ਕਾਰਜ-ਕਾਰਣ ਕ੍ਰਮ ਵਿੱਚ ਪੇਸ਼ ਕਰਦਾ ਹੈ। ਇਸਨੂੰ 'ਫੇਬੁਲਾ' ਕਿਹਾ ਜਾਂਦਾ ਹੈ। ਫੇਬੁਲਾ ਵਿਚ ਸ਼ਾਮਿਲ ਵਿਭਿੰਨ ਮੋਟਿਫਾਂ ਨੂੰ 'ਸੁਜੇਤ' ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ 'ਫੇਬੁਲਾ' ਦੀ ਕਲਾਤਮਕ ਪੇਸ਼ਕਾਰੀ ਹੀ 'ਸੁਜੇਤ' ਅਖਵਾਉਂਦੀ ਹੈ।

ਰਚਨਾ ਵਿਚਲੀ ਕਥਾ-ਸਮੱਗਰੀ ਦੀ ਸਥਿਤੀ ਸਪੱਸ਼ਟ ਕਰਨ ਲਈ ਬਿਰਤਾਂਤਕ ਭੂਮਿਕਾ ਦੀ ਜ਼ਰੂਰਤ ਪੈਂਦੀ ਹੈ। ਜਿਸ ਵਿਚ ਰਚਨਾ ਦੇ ਮੁੱਖ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰਵਾਈ ਜਾਂਦੀ ਹੈ ਇਸ ਜੁਗਤ ਨੂੰ 'ਵਿਗੋਪਨ' ਕਿਹਾ ਜਾਂਦਾ ਹੈ। ਤੋਮਾਸ਼ੇਵੋਸਕੀ ਅਨੁਸਾਰ ਇਹ ਤਿੰਨ ਪ੍ਰਕਾਰ ਦਾ ਹੈ। ਪਾਤਰਾਂ ਸੰਬੰਧੀ ਘਟਨਾ ਚੱਕਰ ਆਰੰਭ ਹੋਣ ਤੋਂ ਪਹਿਲਾਂ ਦਿੱਤੀ ਜਾਣਕਾਰੀ 'ਫੌਰੀ ਵਿਗੋਪਨ' ਹੁੰਦਾ ਹੈ। 'ਵਿਲੰਬਤ ਵਿਗੋਪਨ' ਵਿਚ ਇਹੀ ਜਾਣਕਾਰੀ ਰਚਨਾ ਵਿਚ ਟੋਟਿਆਂ ਦੇ ਰੂਪ ਵਿੱਚ ਮਿਲਦੀ ਹੈ। ਪਾਤਰਾਂ ਸੰਬੰਧੀ ਰਚਨਾ ਦੇ ਆਰੰਭ ਅਤੇ ਕੁਝ ਜਾਣਕਾਰੀ ਘਟਨਾ ਦੇ ਵਾਪਰਨ ਸਮੇਂ ਮਿਲਦੀ ਹੈ ਤਾਂ ਉਸਨੂੰ 'ਸਥਾਨਾਤ੍ਰਿਤ ਵਿਗੋਪਨ' ਕਿਹਾ ਜਾਂਦਾ ਹੈ।

ਰਚਨਾ ਵਿਚ ਕਈ ਮੋਟਿਫ ਵਾਰ-ਵਾਰ ਦੁਹਰਾਏ ਜਾਂਦੇ ਹਨ ਅਜਿਹੇ ਮੋਟਿਫ 'ਲੇਟ-ਮੋਟਿਫ' ਅਖਵਾਉਂਦੇ ਹਨ। ਦੁਹਰਾਓ-ਲੇਬਲ, ਜੋੜਵੇਂ ਵਾਕ-ਅੰਸ਼, ਜੋੜਵੇਂ ਬਿੰਬ, ਲੇਟ ਮੋਟਿਫ ਦੇ ਭਿੰਨ-ਭਿੰਨ ਪ੍ਰਕਾਰ ਹਨ।

ਥੀਮਕ ਅਧਿਐਨ ਮੋਟਿਫਾਂ ਦਾ ਅਧਿਐਨ ਕਰਕੇ ਰਚਨਾ ਦੇ ਆਂਤਰਿਕ ਅਰਥਾਂ ਤੱਕ ਪਹੁੰਚਣ ਦੀ ਕਿਰਿਆ ਹੈ। ਕਿਸੇ ਵੀ ਰਚਨਾ ਦੇ ਅਰਥਾਂ ਨੂੰ ਤਿੰਨ ਢੰਗਾਂ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਪ੍ਰਾਕ੍ਰਿਤਕ/ਪ੍ਰਾਥਮਿਕ ਅਰਥਾਂ ਵਿਚੋਂ ਤੱਥ-ਮੂਲਕ ਅਤੇ ਅਭਿਵਿਅਕਤੀ ਮੂਲਕ ਅਰਥ ਉਭਰਦੇ ਹਨ। ਰਚਨਾ ਵਿਚ ਵਿਆਪਕ ਘਟਨਾਵਾਂ, ਕਾਰਜਾਂ ਨੂੰ ਆਪਣੇ ਅਨੁਭਵ ਨਾਲ ਜੋੜ ਕੇ 'ਤੱਥਮੂਲਕ ਅਰਥ' ਗ੍ਰਹਿਣ ਕੀਤੇ ਜਾਂਦੇ ਹਨ ਅਤੇ ਸਾਧਾਰਨੀਕਰਨ ਦੇ ਮਾਧਿਅਮ ਨਾਲ ਰਚਨਾ ਵਿਚੋਂ 'ਅਭਿਵਿਅਕਤੀ ਮੂਲਕ ਅਰਥ' ਗ੍ਰਹਿਣ ਕੀਤੇ ਜਾਂਦੇ ਹਨ। ਰਚਨਾ ਵਿਚ ਪੇਸ਼ ਪਾਤਰਾਂ ਦੇ ਜੀਵਨ ਨਾਲ ਸੰਬੰਧਤ ਰੀਤਾਂ/ਰਵਾਇਤਾਂ ਦੇ ਵੇਰਵਿਆਂ ਵਿਚੋਂ ਰਚਨਾ ਦੇ 'ਦੁਜੈਲੇ/ਰਵਾਇਤੀਅਰਥ' ਨਿਕਲਦੇ ਹਨ। ਰਚਨਾ ਦੇ ਪ੍ਰਤੀਕਾਂ, ਸੰਕੇਤਾਂ ਤੋਂ ਉਸਦੇ ਵਿਚਾਰ-ਤੱਤ ਤੱਕ ਪਹੁੰਚਿਆ ਜਾਂਦਾ ਹੈ ਇਹ ਰਚਨਾ ਦੇ 'ਆਂਤਰਿਕ ਅਰਥ' ਹੁੰਦੇ ਹਨ। ਰਚਨਾ ਦੇ ਅਰਥਾਂ ਨੂੰ ਸਮਝਣ ਲਈ 'ਰਚਨਾ ਤੋਂ ਦੂਰੀ/ਵਿੱਥ' ਰੱਖਣੀ ਥੀਮਕ ਅਧਿਐਨ ਦੀ ਮਹੱਤਵਪੂਰਨ ਮੰਗ ਹੈ। ਰਚਨਾ ਤੋਂ ਵੱਧ ਦੀ ਦੂਰੀ ਅਧਿਐਨ-ਕਰਤਾ ਦੀ ਰੁਚੀ ਘਟਨਾਵਾਂ ਤੇ ਕਾਰਣਾਂ ਤੋਂ ਬਦਲ ਕੇ, ਉਨ੍ਹਾਂ ਘਟਨਾਵਾਂ ਦੀ ਲੜੀਬੱਧਤਾ ਤੇ ਉਤਪਾਦਕ ਇਕਸੁਰਤਾ ਨੂੰ ਪਛਾਣਨ ਵੱਲ ਰੁਚਿਤ ਕਰ ਦਿੰਦੀ ਹੈ ਤੇ ਫੇਰ ਇਕਸੁਰਤਾਵਾਂ ਦੀ ਪਛਾਣ ਤੋਂ ਉਪਰੰਤ ਇਨ੍ਹਾਂ ਵਿਚੋਂ ਉਭਰਦੇ ਅਰਥਾਂ ਵੱਲ ਰੁਚਿਤ ਕਰਦੀ ਹੈ।

ਸਪੱਸ਼ਟ ਹੈ ਕਿ ਥੀਮਕ ਅਧਿਐਨ ਰਚਨਾ ਕੇਂਦਰਿਤ ਅਧਿਐਨ ਵਿਧੀ ਹੈ। ਜਿਸ ਵਿਚ ਰਚਨਾ ਦੇ ਰੂਪ ਤੇ ਵਸਤੂ ਦੀ ਏਕਤਾ ਵਿਚੋਂ ਥੀਮ ਤਲਾਸ਼ ਕੇ ਅਰਥ ਉਭਾਰੇ ਜਾਂਦੇ ਹਨ। ਇਹ ਥੀਮ ਮੋਟਿਫਾਂ ਦੇ ਰੂਪ ਵਿੱਚ ਰਚਨਾ ਵਿਚ ਖਿੱਲਰੇ ਪਏ ਹੁੰਦੇ ਹਨ। ਇਨ੍ਹਾਂ ਮੋਟਿਫਾਂ ਵਿਚੋਂ ਅਨੇਕਾਂ ਰੀਮਾ ਦੇ ਵਿਕਸਤ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕੋਈ ਇਕ ਵਿਕਸਤ ਰੀਮ ਹੀ ਥੀਮ ਬਣਨ ਦੀ ਸਮਰੱਥਾ ਰੱਖਦੀ ਹੈ।

ਗ਼ਜ਼ਲ ਪੰਜਾਬੀ ਸਾਹਿਤ ਦਾ ਮੌਲਿਕ ਕਾਵਿ ਰੂਪ ਨਹੀ ਹੈ ਫਿਰ ਵੀ ਅਜੋਕੀ ਸਥਿਤੀ (ਇਕੀਵੀਂ ਸਦੀ) ਤਕ ਆਉਂਦੇ-ਆਉਂਦੇ ਗ਼ਜ਼ਲ ਨੇ ਆਪਣੇ ਸੰਵਾਦੀ ਸਰੂਪ/ ਪ੍ਰਕਿਰਤੀ ਨੂੰ ਪੰਜਾਬੀ ਰਹਿਤਲ ਦੇ ਅਨੁਕੂਲ ਢਾਲਣ ਦੀ ਪੁਰਜ਼ੋਰ ਕੋਸਿਸ਼ ਕੀਤੀ ਹੈ। ਪਰੰਪਰਾਗਤ ਗ਼ਜ਼ਲ (ਅਰਬੀ-ਫਾਰਸੀ ਪ੍ਰਕਿਰਤੀ ਵਾਲੀ) ਜਿੱਥੇ ਔਰਤਾਂ ਦੀਆਂ ਗੱਲਾਂ, ਹੁਸਨ,ਰੁਖ਼ਸਾਰ, ਸ਼ਰਾਬ,ਸਾਕੀ-ਮਹਿਖਾਨੇ ਆਦਿ ਦੇ ਇਰਧ-ਗਿਰਧ ਘੁੰਮਦੀ ਸੀ, ਉਥੇ ਇਕੀਵੀਂ ਸਦੀ ਦੀ ਗ਼ਜ਼ਲ ਸਮਕਾਲੀ ਮਾਨਵੀ ਜਗਤ ਦੀਆਂ ਪੀੜਾਂ/ਵੇਦਨਾਵਾਂ, ਚੇਸ਼ਟਾਵਾ, ਮਾਨਸਿਕ ਗੁੰਝਲਾਂ, ਸਮਾਜਿਕ-ਆਰਥਿਕ-ਰਾਜਸੀ ਅਵਚੇਤਨ ਦੀਆਂ ਪਰਤਾਂ ਨੂੰ ਫਰੋਲਦੀ ਨਜ਼ਰ ਆਉਂਦੀ ਹੈ।

ਇਕੀਵੀਂ ਸਦੀ ਦਾ ਆਰੰਭ ਬੇਸ਼ੱਕ 2001 ਤੋਂ ਹੀ ਮੰਨਿਆ ਜਾਂਦਾ ਹੈ ਪਰ ਇਸ ਸਮੇਂ ਦੀ ਗ਼ਜ਼ਲ ਵਿਚਲੇ ਸਰੋਕਾਰ 20 ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚਲੀਆਂ ਘਟਨਾਵਾਂ ਤੋਂ ਹੀ ਪ੍ਰੇਰਿਤ ਹਨ। ਇਸ ਕਰਕੇ ਗ਼ਜ਼ਲ ਵਿਚਲੇ ਸਮਾਜਕ-ਆਰਥਿਕ-ਰਾਜਸੀ ਸਰੋਕਾਰਾਂ ਨੂੰ ਪਰਿਭਾਸ਼ਤ ਕਰਨ ਲਈ 20 ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਘਟਿਤ ਘਟਨਾਵਾਂ (ਹਰੀ ਕਰਾਂਤੀ, 1984 ਪੰਜਾਬ ਸੰਕਟ, LPG ਨੀਤੀ) ਦੇ ਗਹਿਨ ਚਿੰਤਨ ਦੇ ਨਤੀਜੇ/ ਪ੍ਰਭਾਵ ਇਕੀਵੀਂ ਸਦੀ ਦੇ ਆਰੰਭਲੇ ਦਹਾਕਿਆਂ ਵਿੱਚ ਆਉਣੇ ਸ਼ੁਰੂ ਹੋਏ ਹਨ। ਇਸ ਕਰਕੇ ਅਜਿਹੇ ਵਰਤਾਰੇ ਨੂੰ 'ਓਵਰ ਲੈਪ'[6] ਰਾਹੀਂ ਵਧੇਰੇ ਸੁਲਭਤਾ ਨਾਲ ਸਮਝਿਆ ਜਾ ਸਕਦਾ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੋਂ ਪੰਜਾਬੀ ਗ਼ਜ਼ਲ ਵਿਚ ਮਾਨਵੀ ਸੰਵੇਦਨਾ ਦੀਆਂ ਵਿਭਿੰਨ ਪਰਤਾਂ ਦੇ ਨਾਲ-ਨਾਲ ਵਿਸ਼ਵੀਕਰਨ, ਮੰਡੀ ਕਲਚਰ ਵਿਚ ਪੰਜਾਬੀ ਸਮਾਜ ਦੀ ਵਸਤੂ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਵਿਰਸੇ ਪ੍ਰਤੀ ਮੋਹ, ਅਮਾਨਵੀ ਵਰਤਾਰਿਆਂ ਪ੍ਰਤੀ ਰੋਸ ਜਿਹੇ ਥੀਮ ਪੰਜਾਬੀ ਗ਼ਜ਼ਲ ਦੇ ਥੀਮਕ ਘੇਰੇ ਵਿੱਚ ਸ਼ਾਮਲ ਹੁੰਦੇ ਹਨ।

ਥੀਮ ਕਿਸੇ ਵੀ ਕ੍ਰਿਤ ਵਿਚ ਪਾਰ ਫੈਲਿਆ ਹੋਇਆ ਪ੍ਰਵਚਨ ਹੈ। ਥੀਮਿਕ ਵਿਭਿੰਨਤਾ ਜਾਂ ਇਕਸਾਰਤਾ ਹੀ ਗ਼ਜ਼ਲ ਦੀ ਕਿਸਮ (ਮੁਸੱਲਸਲ ਜਾਂ ਗੈਰ-ਮੁਸੱਲਸਲ ) ਨੂੰ ਨਿਰਧਾਰਤ ਕਰਦੀ ਹੈ। ਜਗਵਿੰਦਰ ਜੋਧਾ ਦੇ ਗ਼ਜ਼ਲ ਸੰਗ੍ਰਹਿ ਬੇਤਰਤੀਬੀਆਂ (2018) ਦੀ ਇਕ ਗ਼ਜ਼ਲ ਦਾ ਥੀਮਿਕ ਅਧਿਐਨ ਨਮੂਨੇ/ਮਾਡਲ ਵਜੋਂ ਪੇਸ਼ ਹੈ।

*ਮਨੋਬਚਨੀ- ਇਹ ਸਲੀਕਾ ਵੀ ਅਸਾਨੂੰ ਜੀਣ ਲਈ ਸਿੱਖਣਾ ਪਿਆ*
*ਰੋਜ਼ ਮੁਰਦਾ ਕੁਰਸੀਆਂ ਦੇ ਸਾਮ੍ਹਣੇ ਝੁਕਣਾ ਪਿਆ।*
*ਮਨੋਬਚਨੀ- ਜਿਸ ਤਰ੍ਹਾਂ ਦਾ ਤਖ਼ਤ ਤੇ ਤਲਵਾਰ ਨੂੰ ਮਨਜ਼ੂਰ ਸੀ*
*ਹਰ ਕਲਮ ਨੂੰ ਉਸ ਤਰ੍ਹਾਂ ਦਾ ਤਬਸਰਾ ਲਿਖਣਾ ਪਿਆ*
*ਮਨੋਬਚਨੀ – ਤੋੜ ਕੇ ਟਾਹਣੀ ਤੋਂ ਪੱਤੇ ਨੂੰ ਅਵਾਰਾ ਕਰ ਗਈ*
*ਪੌਣ ਦੀ ਮਰਜ਼ੀ ਮੁਤਾਬਿਕ ਥਾਂ –ਕੁਥਾਂ ਉਡਣਾ ਪਿਆ*
*ਮਨੋਬਚਨੀ- ਮਸਖਰੇ ਲੋਕਾਂ ਚ ਸ਼ਾਮਲ ਹੋ ਗਿਆ, ਮੈਂ ਗਮਜ਼ਦਾ*

*ਰੋਕ ਕੇ ਹੰਝੂ ਉਨ੍ਹਾਂ ਦੇ ਨਾਲ ਹੀ ਹੱਸਣਾ ਪਿਆ*
*ਮੈਂ/ਤੂੰ ਨੂੰ ਸੰਬੋਧਨ – ਖ਼ੂਬ ਸੀ ਦਸਤੂਰ ਤੇਰੇ ਸ਼ਹਿਰ ਦਾ ਹਰ ਚੌਂਕ ਵਿਚ*
*ਗੂੰਗਿਆਂ ਬੁੱਤਾਂ ਤੋਂ ਮੰਜ਼ਿਲ ਦਾ ਪਤਾ ਪੁੱਛਣਾ ਪਿਆ*
*ਮਨੋਬਚਨੀ- ਹਰ ਦਫ਼ਾ ਮੰਜ਼ਿਲ ਮੇਰੀ ਪੈਰਾਂ ਤੋਂ ਕਿਰ ਜਾਂਦੀ ਰਹੀ*
*ਹਰ ਦਫ਼ਾ ਅਪਣੇ ਲਈ ਪੈਂਡਾ ਨਵਾਂ ਮਿੱਥਣਾ ਪਿਆ*
*ਫੇਰ ਇਕ ਦਿਨ ਉਸਦੀਆਂ ਪੱਤੀਆਂ ਚ ਸੂਲਾਂ ਚਮਕੀਆਂ*
*ਦੇਰ ਤੱਕ ਜਿਸ ਘਾਹ ਨੂੰ ਪੈਰਾਂ ਹੇਠ ਸੀ ਵਿਛਣਾ ਪਿਆ।*[7]

ਉਕਤ ਗ਼ਜ਼ਲ ਦੀ ਮਨੋਬਚਨੀ ਅਤੇ ਮੈਂ/ਤੂੰ ਦੀ ਸੰਬੋਧਨੀ ਸੁਰ ਵਿਚੋਂ ਅਜੋਕੇ ਮੱਧ ਵਰਗੀ ਮਾਨਵ ਦੀ ਹੋਂਦ ਨੂੰ ਵਿਭਿੰਨ ਰੂਪਕਾਂ ਰਾਹੀਂ ਸਿਰਜਿਆ ਗਿਆ ਹੈ। ਸਮੁੱਚੀ ਗ਼ਜ਼ਲ ਦਾ ਥੀਮ ਜ਼ਬਰ ਤੇ ਨਾਬਰੀ ਦਾ ਚਿੰਨ੍ਹਮਈ ਬਿਰਤਾਂਤ ਸਿਰਜਕੇ ਪੀੜਤ ਧਿਰ ਵੱਲੋਂ ਉਸਦਾ ਪ੍ਰਤੀਰੋਧ ਕਰਨਾ ਹੈ।

ਮਤਲੇ ਵਿਚ ਹੀ 'ਕੁਰਸੀ' ਜਾਂ ਅਫ਼ਸਰਸ਼ਾਹੀ ਦੀ ਵਿਸ਼ੇਸ਼ਤਾ 'ਮੁਰਦਾ ਹੋਣਾ' ਦਰਸਾਈ ਹੈ। ਮੁਰਦੇ ਦਾ ਸੰਬੰਧ ਸੰਵੇਦਨਹੀਣਤਾ ਨਾਲ ਹੈ। ਅਰਥਾਤ ਸੰਵੇਦਨਹੀਣ ਅਫ਼ਸਰਸ਼ਾਹੀ/ਸੱਤਾਧਿਰ ਅੱਗੇ ਝੁਕਣ ਨੂੰ ਜੀਵਨ ਦੇ ਸਲੀਕੇ ਵਜੋਂ ਪੇਸ਼ ਕੀਤਾ ਗਿਆ ਹੈ। ਵਾਸਤਵ ਵਿੱਚ 'ਮੁਰਦਾ ਕੁਰਸੀਆਂ ਸਾਹਮਣੇ ਝੁਕਣਾ' ਇਸ ਸ਼ਿਅਰ/ਮਤਲੇ ਦਾ ਥੀਮ ਵੀ ਹੈ ਅਤੇ ਸਮੁੱਚੀ ਗ਼ਜ਼ਲ ਦੀ ਬਿਰਤਾਂਤਕ ਭੂਮਿਕਾ ਵੀ ਹੈ। ਇਸੇ ਥੀਮ ਵਿਚੋਂ ਅੱਗੇ ਅਨੇਕਾਂ 'ਰੀਮ' (ਕਲਮ ਦਾ ਤਖ਼ਤ ਤੇ ਤਲਵਾਰ ਅਨੁਸਾਰ ਤਬਸਰਾ ਲਿਖਣਾ, ਪੌਣ ਦੀ ਮਰਜ਼ੀ ਮੁਤਾਬਿਕ ਉੱਡਣਾ, ਮਸਖਰੇ ਲੋਕਾਂ ਚ ਸ਼ਾਮਲ ਹੋਣਾ, ਗੂੰਗਿਆਂ ਬੁੱਤਾਂ ਤੋਂ ਮੰਜ਼ਿਲ ਪੁੱਛਣੀ, ਘਾਹ ਦਾ ਪੈਰਾਂ ਚ ਵਿਛਣਾ) ਉਪਜਦੇ ਹਨ, ਜਿਨ੍ਹਾਂ ਨੂੰ ਫੜ ਕੇ ਸ਼ਾਇਰ ਨੇ ਨਵੇਂ ਅਤੇ ਅਗਲੇ ਸ਼ਿਅਰ ਸਿਰਜੇ ਹਨ, ਇਸ ਤਰ੍ਹਾਂ ਇਕ ਥੀਮ ਤੋਂ ਅਨੇਕਾਂ ਰੀਮ ਵਿਕਸਤ ਹੋ ਸਕਦੇ ਹਨ। ਰਚਨਾ ਵਿਚ ਪੇਸ਼ ਥੀਮ ਦੀਆਂ ਅੱਗੋਂ ਕਈ ਰੀਮਾਂ ਨਿਕਲਦੀਆਂ ਹਨ ਜਿਨ੍ਹਾਂ ਵਿਚੋਂ ਲੇਖਕ ਕਿਸੇ ਰੀਮ ਦੀ ਚੋਣ ਕਰਕੇ ਅਗਲੇ ਥੀਮ ਦੀ ਰਚਨਾ ਕਰਦਾ ਹੈ।[8]

ਮੁਰਦਾ ਕੁਰਸੀਆਂ ਸਾਹਮਣੇ ਝੁਕਣ ਦਾ ਸਲੀਕਾ ------ ਥੀਮ/ਬਿਰਤਾਂਤਕ ਭੂਮਿਕਾ

*ਤਖ਼ਤ ਤੇ ਤਲਵਾਰ ਅਨੁਸਾਰ ਤਬਸਰਾ*
*ਪੌਣ ਦੀ ਮਰਜ਼ੀ ਮੁਤਾਬਿਕ ਉੱਡਣਾ*
*ਮਸਖਰੇ ਲੋਕਾਂ ਚ ਸ਼ਾਮਲ ਹੋਣ*
*ਗੂੰਗਿਆਂ ਬੁੱਤਾਂ ਤੋਂ ਮੰਜ਼ਿਲ ਪੁੱਛਣੀ*
*ਘਾਹ ਦਾ ਪੈਰਾਂ ਚ ਵਿਛਣਾ*

ਪੂੰਜੀਵਾਦੀ ਯੁੱਗ ਵਿਚ ਆਪਣੇ ਅਸਤਿੱਤਵ ਨੂੰ ਬਚਾਉਣ ਲਈ ਅਨੇਕਾਂ ਸਲੀਕੇ ਸਿੱਖਣੇ ਪੈਂਦੇ ਹਨ। ਇਹ ਸਲੀਕੇ ਪਰਿਵਾਰਕ ਸੰਸਕਾਰਾਂ ਵਿੱਚੋਂ ਨਹੀਂ ਬਲਕਿ ਸਮਾਜ ਵਿੱਚ ਵਿਚਰਦਿਆਂ ਮਾਨਵੀ/ਰੋਜ਼ਮੱਰਾ ਦੀਆਂ ਲੋੜਾਂ ਵਿਚੋਂ ਉਪਜਦੇ ਹਨ। ਇਸੇ ਲੋੜ ਵਿਚੋਂ ਹੀ 'ਕਲਮ' (ਵਿਕਾਊ ਮੀਡੀਆ/ਸਾਹਿਤਕਾਰ) ਤਖ਼ਤ ਤੇ ਤਲਵਾਰ ਦੀ 'ਜੀ ਹਜ਼ੂਰੀ' ਕਰਦੀ ਹੈ। ਇਸ ਸ਼ਿਅਰ ਵਿਚ 'ਤਲਵਾਰ' ਦੇ ਅਰਥ ਸੋਸਿਊਰ ਦੇ ਸਹਿਚਾਰੀ/ਗੈਰਹਾਜ਼ਰੀ ਵਾਲੇ ਸੰਬੰਧਾਂ ਵਿਚੋਂ ਵਧੇਰੇ ਤੀਖਣਤਾ ਨਾਲ ਉਭਰਦੇ ਹਨ, ਕਿਉਂਕਿ ਸ਼ਾਇਰ ਨੇ 'ਤਲਵਾਰ' ਦੀ ਥਾਂ 'ਕ੍ਰਿਪਾਨ' ਨਹੀਂ ਵਰਤਿਆ ਕ੍ਰਿਪਾਨ ਦਾ ਸੰਬੰਧ ਕ੍ਰਿਪਾਲਤਾ/ਦਿਆਲਤਾ ਨਾਲ ਹੈ ਅਤੇ ਤਲਵਾਰ ਦਾ ਸੰਬੰਧ ਜ਼ੁਲਮ ਨਾਲ। ਇਸ ਤਰ੍ਹਾਂ ਤਖ਼ਤ (ਸੱਤਾਧਿਰ) ਤਲਵਾਰ (ਜ਼ੁਲਮ) ਦੀ ਕਲਮ (ਮੀਡਿਆ ਤੇ ਸਾਹਿਤਕਾਰ) ਦੁਆਰਾ ਜੀ ਹਜ਼ੂਰੀ ਇਕੀਵੀਂ ਸਦੀ ਵਿੱਚ ਮੀਡੀਆ/ਸਾਹਿਤਕਾਰ ਦੇ ਵਿਕਾਊ ਜਾਂ ਆਪਣੇ ਮੂਲ ਆਸ਼ੇ ਤੋਂ ਭਟਕਣ ਦੇ ਸੰਕੇਤ ਹਨ।

ਤੀਜੇ ਸ਼ਿਅਰ ਵਿਚ 'ਪੱਤੇ ਦਾ ਟਾਹਣੀ ਨਾਲੋਂ ਟੁੱਟਣਾ' ਰੂਪਕ ਹੈ। 'ਟਾਹਣੀ ਤੋਂ ਟੁੱਟਿਆ' ਆਪਣੇ ਅਸਲੇ ਭਾਵ ਸਭਿਆਚਾਰ/ਸੰਸਕ੍ਰਿਤੀ ਤੋਂ ਟੁੱਟਣ ਦੇ ਬਰਾਬਰ ਹੈ ਪਰ ਪੱਤਾ/ਮਨੁੱਖ ਟਾਹਣੀ ਤੇ ਟੁੱਟਿਆ/ਸਭਿਆਚਾਰ ਤੋਂ ਟੁੱਟਿਆ ਤਾਂ ਉਸਦੀ ਮਨੋਇੱਛਾ ਨਹੀਂ ਸੀ ਬਲਕਿ ਹਵਾ/ ਅਜੋਕੀਆਂ ਸਥਿਤੀਆਂ-ਪ੍ਰਸਥਿਤੀਆਂ ਕਾਰਨ ਹੀ ਸੰਭਵ ਹੋਇਆ ਹੈ। ਇਸ ਤਰ੍ਹਾਂ ਇਕੀਵੀਂ ਸਦੀ ਵਿੱਚ ਮਨੁੱਖ ਨੇ 'ਪੌਣ ਦੀ ਮਰਜ਼ੀ ਮੁਤਾਬਿਕ ਉੱਡਣਾ' ਵੀ ਸਿੱਖ ਲਿਆ ਹੈ। ਪ੍ਰਕਿਰਤੀ ਚਿਤਰਣ ਹੋਣ ਕਾਰਨ ਇਹ ਗਤੀਹੀਣ ਮੋਟਿਫ ਹਨ।[9]

ਚੌਥੇ ਸ਼ਿਅਰ ਵਿਚ ਮਸਖਰੇ ਅਤੇ ਗਮਜ਼ਦਾ ਦਾ ਜਰੁੱਟ ਪੇਸ਼ ਹੋਇਆ ਹੈ। ਗਮਜ਼ਦਾ ਦਾ ਸੰਬੰਧ ਮੈਂ-ਮੂਲਕ (ਪਿਆਰ ਦਾ ਵਿਸ਼ਾਦ) ਵੀ ਹੈ ਅਤੇ ਪਰ-ਪੀੜਾ ਵੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸਭ ਕੁਝ ਜਾਣਦਾ ਹੋਇਆ ਬੰਦਾ ਸਵੈ ਹੋਂਦ/ ਬਚਾਓ ਲਈ ਅੱਖਾਂ ਮੀਟ ਕੇ ਰੱਖਦਾ ਹੈ। ਦਵੰਦਮਈ ਸਥਿਤੀ ਵਿਚ ਜਿਆਉਂਦਾ ਹੈ।

'ਸ਼ਹਿਰ' ਅਜੋਕੀ ਸਦੀ ਦੀ ਪ੍ਰਤੀਨਿਧਤਾ ਕਰਦਾ ਹੈ। ਜਿਸ ਵਿਚ ਬੁੱਤ ਗੂੰਗੇ ਹਨ। ਵਾਸਤਵ ਵਿੱਚ ਬੁੱਤ ਕੋਈ ਕਿਰਿਆ-ਪ੍ਰਤੀਕਿਰਿਆ ਨਹੀਂ ਕਰਦੇ ਹੁੰਦੇ ਪਰ ਸ਼ਾਇਰ ਦੀ ਕਲਪਨਾ ਵਾਸਤਵਿਕਤਾ ਦਾ ਅਜਨਬੀਕਰਨ ਕਰਦੀ ਪ੍ਰਤੀਤ ਹੁੰਦੀ ਹੈ।

ਜੋਧਾ ਵਾਸਤਵ ਵਿੱਚ ਸਫ਼ਰ ਦਾ ਸ਼ਾਇਰ ਹੈ। ਉਸਦੀ ਸਮੁੱਚੀ ਗ਼ਜ਼ਲ ਵਿਚ ਸਫ਼ਰ, ਰਾਹ, ਰਸਤੇ, ਸੜਕਾਂ, ਮੰਜ਼ਲ ਦਾ ਕਿਸੇ ਨਾ ਕਿਸੇ ਸ਼ਿਅਰ ਵਿਚ ਜ਼ਿਕਰ ਜ਼ਰੂਰ ਹੁੰਦਾ ਹੈ। ਛੇਵੇਂ ਸ਼ਿਅਰ ਵਿਚ ਉਹ 'ਜਿਸ ਨਵੇਂ ਪੈਂਡੇ ਨੂੰ ਮਿੱਥਦਾ ਹੈ' ਉਸਦਾ ਤੀਖਣ ਅਤੇ ਸੰਘਣਾ ਪ੍ਰਤੀਰੋਧਕ ਰੂਪ ਗ਼ਜ਼ਲ ਦੇ ਮਕਤੇ (ਅੰਤਲੇ ਸ਼ਿਅਰ) ਵਿਚ ਪਿਆ ਹੈ। 'ਪੱਤੀਆਂ ਚ ਸੂਲਾਂ ਚਮਕਣਾ' ਵਿਦਰੋਹੀ/ਪ੍ਰਤੀਰੋਧ ਉਪਕਰਮ ਦਾ ਸੰਕੇਤ ਹੈ। 'ਉਸਦੀਆਂ' ਅਨਯ ਪੁਰਖ਼ ਹੈ ਜੋ ਇਸ ਸ਼ਿਅਰ ਵਿਚ ਨਹੀਂ ਬਲਕਿ ਇਸ ਗ਼ਜ਼ਲ ਵਿਚ 'ਕੁਰਸੀਆਂ ਸਾਮ੍ਹਣੇ ਝੁਕਦਾ ਹੈ', 'ਤਖਤ ਤੇ ਤਲਵਾਰ ਦੇ ਅਨੁਸਾਰ ਲਿਖਦਾ ਹੈ', 'ਪੌਣ ਦੀ ਮਰਜ਼ੀ ਮੁਤਾਬਿਕ ਉੱਡਦਾ ਹੈ', 'ਮਸਖਰੇ ਲੋਕਾਂ ਵਿਚ ਸ਼ਾਮਿਲ ਹੁੰਦਾ ਹੈ', 'ਗੂੰਗਿਆਂ ਬੁੱਤਾਂ ਤੋਂ ਮੰਜ਼ਿਲ ਪੁੱਛਦਾ ਹੈ' ਤੇ 'ਘਾਹ ਵਾਂਗੂੰ ਪੈਰਾਂ ਹੇਠ ਵਿਛਦਾ ਹੈ'। ਉਹ ਅੰਤ ਨੂੰ ਪ੍ਰਤੀਰੋਧ ਸੁਰ ਅਪਣਾ ਕੇ ਆਪਣੇ ਅਸਤਿੱਤਵ ਨੂੰ ਬਚਾਉਂਦਾ ਹੈ। ਸਮੁੱਚੀ ਗ਼ਜ਼ਲ ਵਿਚ ਨਾਬਰ ਜਮਾਤ ਦੇ ਜ਼ਬਰ ਜੁਲਮ ਅੱਗੇ ਪੀੜਤ ਧਿਰ ਨੂੰ ਝੁਕਣਾ ਦੱਬਣਾ ਪਿਆ ਹੈ ਜਿਸਨੂੰ ਸ਼ਾਇਰ ਨੇ ਵਿਭਿੰਨ ਰੂਪਕਾਂ ਰਾਹੀਂ ਰੂਪਮਾਨ ਕੀਤਾ ਹੈ। ਫਿਰ ਇਸ ਜੁਲਮ ਅੱਗੇ ਪੀੜਤ ਧਿਰ ਦੇ ਪ੍ਰਤੀਰੋਧ ਨੂੰ ਚਿਤਰਿਆ ਗਿਆ ਹੈ। ਰਚਨਾ ਦਾ ਥੀਮ (ਨਾਬਰੀ ਦਾ ਪ੍ਰਤੀਰੋਧ) ਗ਼ਜ਼ਲ ਦੇ ਆਦਿ ਤੋਂ ਅੰਤ ਤੱਕ ਫੈਲਿਆ ਹੋਇਆ ਹੈ। ਗ਼ਜ਼ਲ ਵਿਚ ਜੀਵਨ ਦੇ ਕਿਸੇ ਅੰਸ਼ ਨੂੰ ਸਿੱਧਾ ਸਪਾਟ ਪੇਸ਼ ਨਹੀਂ ਕੀਤਾ ਬਲਕਿ ਉਸਦਾ ਪ੍ਰਤੱਖਣ ਪੇਸ਼ ਕੀਤਾ ਗਿਆ ਹੈ। ਥੀਮ ਨੂੰ ਅਜਨਬੀਕ੍ਰਿਤ ਢੰਗ ਨਾਲ ਪੇਸ਼ ਕਰਨ ਹਿਤ ਸ਼ਾਇਰ ਨੇ ਕਈ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਕੀਤੀ ਹੈ।

*ਥਾਂ ਕੁਥਾਂ ਉੱਡਣਾ/ਪੈਰਾਂ ਹੇਠ ਵਿਛਣਾ- ਮੁਹਾਵਰਾ*
*ਮੰਜ਼ਲ ਮੇਰੀ/ਪਤਾ ਪੁਛਣਾ- ਸ਼ਬਦ ਅਨੁਪ੍ਰਾਸ*
*ਤੋੜ ਕੇ ਟਾਹਣੀ ਤੋਂ ਪੱਤੇ ਨੂੰ – ਰੂਪਕ ਸਿਰਜਣਾ*
*ਪੱਤੀਆਂ ਚ ਸੂਲਾਂ ਚਮਕੀਆਂ – ਕਾਵਿ ਬਿੰਬ*
*ਰੋਕ ਕੇ ਹੰਝੂ ਉਨ੍ਹਾਂ ਦੇ ਨਾਲ ਹੀ ਰਲਣਾ- ਕਵੀ ਦਾ ਦਵੰਦ।*

ਇਸ ਪ੍ਰਕਾਰ ਇਕੀਵੀਂ ਸਦੀ ਦੀ ਗ਼ਜ਼ਲ ਵਿਸ਼ਵੀਕਰਨ ਵਿਚ ਪੂੰਜੀਵਾਦ ਦੇ ਕੇਂਦਰੀਕਰਨ/ਧਰੁਵੀਕਰਨ, ਅਮੀਰੀ ਗ਼ਰੀਬੀ ਦੇ ਪਾੜੇ ਬਾਰੇ ਸੁਚੇਤ ਕਾਵਿ ਸਿਰਜਣਾ ਦੇ ਮਾਧਿਅਮ ਨਾਲ ਪ੍ਰਤੀਰੋਧ ਸਿਰਜਦੀ ਹੈ। ਜੋ ਮਨੁੱਖੀ ਮੁਕਤੀ ਲਈ ਵਿਚਾਰਧਾਰਕ ਸੰਘਰਸ਼ ਹੈ। ਇਹ ਸੰਘਰਸ਼ ਸਟੇਟ/ਕਾਰਪੋਰੇਟਸ/ਪੂੰਜੀਵਾਦ ਅਤੇ ਸਮਾਜਕ-ਸਭਿਆਚਾਰਕ-ਧਾਰਮਕ ਸੰਸਥਾਵਾਂ ਨਾਲ ਹੋਣ ਕਾਰਨ ਦੋਹਰੀ ਪ੍ਰਕਿਰਤੀ ਵਾਲਾ ਹੈ।

## ਹਵਾਲੇ ਤੇ ਟਿਪਣੀਆਂ-


1. *ਕਿਰਨ ਕੌਰ (ਡਾ.), ਗੁਰੂਮੇਲ ਕਾਵਿ ਦੀ ਥੀਮਿਕ ਸੰਰਚਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2019 ਪੰਨਾ-15.*
2. *ਉਧਰਿਤ, ਡਾ.ਹਰਜੀਤ ਸਿੰਘ (ਡਾ.), ਪੰਜਾਬੀ ਕਿੱਸਾ ਕਾਵਿ ਦਾ ਥੀਮ ਵਿਗਿਆਨਕ ਅਧਿਐਨ, ਭਾਸ਼ਾ ਵਿਭਾਗ ਪੰਜਾਬ, 1998,ਪੰਨੇ 11-12.*
3. *ਹਰਿਭਜਨ ਸਿੰਘ (ਡਾ.), ਰਚਨਾ-ਸੰਰਚਨਾ, ਨਵਚੇਤਨ ਪਬਲਿਸ਼ਰਜ, ਅੰਮ੍ਰਿਤਸਰ, 1977,ਪੰਨਾ-15.*
4. *ਓਹੀ,ਪੰਨਾ-17.*
5. *ਹਰਿਭਜਨ ਸਿੰਘ ਅਜਨਬੀਕਰਨ ਨੂੰ ਕਲਾ-ਪ੍ਰੇਰਕ ਕਹਿੰਦੇ ਹਨ।*
6. *ਗਰੇਵਾਲ, ਅਮਰਜੀਤ ਸਿੰਘ, ਮੁਹੱਬਤ ਦੀ ਰਾਜਨੀਤੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999,ਪੰਨਾ-9.*
7. *ਜੋਧਾ, ਜਗਵਿੰਦਰ, ਬੇਤਰਤੀਬੀਆਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018, ਪੰਨਾ-17.*
8. *ਜਸਬੀਰ ਸਿੰਘ (ਡਾ.), ਥੀਮ ਵਿਗਿਆਨਕ ਅਧਿਐਨ ਵਿਧੀ, ਸੰਵਾਦ, ਜਨਵਰੀ-ਜੂਨ 2016,ਅੰਕ 3, ਪੰਨਾ 171.*
9. *ਪ੍ਰਕਿਰਤੀ ਚਿਤਰਣ, ਸਥਾਨਕ ਰੰਗਣ ਅਤੇ ਪਾਤਰਾਂ ਦੇ ਚਿਹਰੇ ਮੁਹਰੇ ਦਾ ਵਰਨਣ ਕਰਨ ਵਾਲੇ ਮੌਟਿਫ ਗਤੀਹੀਣ ਮੋਟਿਫ ਹੁੰਦੇ ਹਨ।*